## ਸੰਤ ਬੇਦੁ ਕਹੰਦਾ

**ਪਉੜੀ ॥**

**ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥**

**ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥**

ਇਹ, ਗਉੜੀ ਕੀ ਵਾਰ ਮਹਲਾ ੫ ਦੀ ਪੰਜਵੀਂ ਪਉੜੀ ਹੈ। ਇਹ, ਪੰਨਾ ੩੧੮ ਤੇ ਸੁਸ਼ੋਭਤ ਹੈ।

--ਇਨ੍ਹਾਂ ਪੰਕਤੀਆਂ ਵਿਚ, ਪਾਤਸ਼ਾਹ ਫ਼ੁਰਮਾਣ ਕਰ ਰਹੇ ਹਨ ਕਿ ਸਾਧੂ ਜਨ, ਜਿਸ ਅਸਥਾਨ ਤੇ ਵੀ ਬਿਰਾਜਮਾਨ ਹੁੰਦੇ ਹਨ ਉਹ ਸੁੰਦਰ, ਪਵਿਤਰ ਹੋ ਜਾਂਦਾ ਹੈ। ਦੂਜੇ ਅਰਥਾਂ ਵਿਚ ਉਹ ਤੀਰਥ ਬਣ ਜਾਂਦਾ ਹੈ।

ਪੰਚਮ ਪਾਤਸ਼ਾਹ, ਪੰਨਾ ੮੨੮ ਤੇ, ਫ਼ੁਰਮਾਣ ਕਰਦੇ ਹਨ ਕਿ ਪਾਰਬ੍ਰਹਮ ਦੇ ਭਗਤ ਜਨ ਦੀ ਮਹਿਮਾ ਨਿਰਮਲ ਹੁੰਦੀ ਹੈ ਅਤੇ ਉਨ੍ਹਾਂ ਦੇ ਚਰਣ, ਗੰਗਾ ਵਰਗੇ ਕਰੋੜਾਂ ਤੀਰਥਾਂ ਸਮਾਨ ਹਨ, ਜਿਸ ਦੀ ਧੂੜ ਵਿਚ ਮਜਨ, ਚੁਭੀ ਲਾਉਣ ਨਾਲ ਕਈ ਜਨਮਾਂ ਦੇ ਕਲੰਕ, ਪਾਪ ਹਰੇ ਹੋ ਜਾਂਦੇ ਹਨ, ਧੋਤੇ ਜਾਂਦੇ ਹਨ – **'ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ।। ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ।।'**

--ਇਹ ਇਸ ਲਈ ਹੁੰਦਾ ਹੈ ਕਿ ਉਹ ਸਾਧ ਜਨ, ਉਸ ਸਮਰੱਥ ਮਾਲਕ ਦੀ ਅਰਾਧਨਾ ਕਰਦੇ ਹਨ ਜਿਸ ਨਾਲ ਉਨ੍ਹਾਂ ਦੇ ਅੰਦਰੋਂ ਸਾਰੀ ਮਾਂਦਗੀ, ਬੁਰਿਆਈ ਖ਼ਤਮ ਹੋ ਜਾਂਦੀ ਹੈ।

ਜੋ ਕੋਈ ਵੀ ਪਰਮੇਸ਼ਰ ਦਾ ਅੰਮ੍ਰਿਤ ਮਈ ਨਾਮ ਜਪਦਾ ਹੈ, ਉਹ ਸਦਾ ਲਈ ਜੀਅ ਪੈਂਦਾ ਹੈ। ਅਜਿਹਾ ਬਖ਼ਸ਼ਿਸ਼ ਪ੍ਰਾਪਤ ਜਨ ਨਿਰਮਲ ਹੋ ਜਾਂਦਾ ਹੈ – **'ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ।। ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲ ਥੀਵੈ।।'**

**ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥**

**ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥**

--ਪੰਚਮ ਪਾਤਸ਼ਾਹ ਸਪੱਸ਼ਟ ਕਰਦੇ ਹਨ ਕਿ ਸੰਤ ਜਨ, ਆਪਣੀ ਰਚਨਾ, ਧਰਮ ਗ੍ਰੰਥਾਂ ਵਿਚ ਇਹੀ ਦਸਦੇ ਹਨ ਕਿ ਪਾਰਬ੍ਰਹਮ ਪਰਮੇਸ਼ਰ, ਪਾਪੀਆਂ ਦਾ ਵੀ ਉਧਾਰ ਕਰਣ ਵਾਲਾ ਹੈ।

ਭਾਵ, ਸੰਤ ਜਨ, ਆਪਣੇ ਗ੍ਰੰਥਾਂ ਵਿਚ ਪ੍ਰਭੂ ਦੀ ਸਿਫ਼ਤ ਸਲਾਹ ਹੀ ਉਚਾਰਣ ਕਰਦੇ ਹਨ। ਉਹ ਜੋ ਵੀ ਬਚਨ ਕਰਦੇ ਹਨ, ਉਹ ਸਹੀ ਹੁੰਦੇ ਹਨ। ਪਾਤਸ਼ਾਹ, ੩੧੬ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਜੋ ਵੀ ਭਗਤ ਜਨ, ਆਪਣੇ ਮੁਖ ਤੋਂ ਬੋਲਦੇ ਹਨ ਉਹ ਉਨ੍ਹਾਂ ਦੇ ਬਚਨ, ਭਾਵ, ਬਾਣੀ ਹੁੰਦੇ ਹਨ। ਕਿਉਂਕਿ ਉਹ ਪ੍ਰਤੱਖ ਵੇਖ ਕੇ ਬੋਲ ਰਹੇ ਹੁੰਦੇ ਹਨ। ਜੋ ਵੀਚਾਰ ਉਹ ਮਨੁਖਤਾ ਨੂੰ ਦਿੰਦੇ ਹਨ, ਉਹ ਹੀ ਧਰਮ ਗ੍ਰੰਥ ਬਣ ਜਾਂਦੇ ਹਨ – '**ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ।। ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ।। ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ।।**

--ਭਗਤ ਜਨ ਇਹ ਵੀ ਦਸਦੇ ਹਨ ਕਿ ਵਾਹਗੁਰੂ ਦਾ ਸੁਭਾਅ ਹੈ,ਆਪਣੇ ਭਗਤਾਂ ਦੀ ਪੱਤ ਦੀ ਰਾਖੀ ਕਰਨਾ। ਪ੍ਰਭੂ ਦਾ ਇਹ ਸੁਭਾਅ ਜੁਗਾਂ ਜੁਗਾਂ ਤੋਂ ਵਰਤਦਾ ਆਇਆ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੪੫੧ ਤੇ, ਪ੍ਰਭੂ ਦੇ, ਭਗਤ ਵਛਲ ਵਾਲੇ ਸੁਭਾਅ ਦਾ ਵਰਤਾਰਾ ਜੁਗਾਂ ਤੋਂ ਚਲਦੇ ਆਉਣ ਬਾਰੇ ਵਰਣਨ ਕੀਤਾ ਹੈ ਕਿ ਕਿਵੇਂ ਗੁਰ-ਜੋਤਿ ਨੇ ਭਗਤ ਪ੍ਰਹਿਲਾਦ ਦੀ ਰਖਿਆ ਕੀਤੀ, ਕਿਵੇਂ ਪੰਡਤਾਂ ਨੂੰ ਪਿਠ ਦੇ ਕੇ ਦੇਹੁਰੇ ਨੇ, ਭਗਤ ਨਾਮਦੇਵ ਜੀ ਵਲ ਮੂੰਹ ਕਰ ਲਿਆ – '**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।। ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਿਲਾਦੁ ਤਰਾਇਆ।। ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ।।**' ਇਸੇ ਬਿਰਦ ਬਾਰੇ, ਸ੍ਰੀ ਗੁਰੂ ਅਰਜਨ ਸਾਹਿਬ ਜੀ ਵੀ ਫ਼ੁਰਮਾਣ ਕਰਦੇ ਹਨ ਕਿ ਉਸ ਸਚੇ ਸਾਹਿਬ ਦੀ ਇਹ ਵਡੀ ਵਡਿਆਈ ਹੈ ਕਿ ਉਸ ਦਾ ਮੁਢ ਕਦੀਮਾ, ਆਦਿ ਕਾਲ ਤੋਂ ਹੀ ਇਹ ਵਰਤਾਰਾ ਰਿਹਾ ਹੈ ਕਿ ਉਹ ਸੰਤ ਜਨਾਂ ਦੀ ਇਜ਼ਤ ਦੀ ਰਾਖੀ ਕਰਦਾ ਆਇਆ ਹੈ – '**ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ।। ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ।।**'

## ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ ॥੫॥

--ਪੰਜਵੇਂ ਨਾਨਕ ਨੂੰ ਤਾਂ ਇਕ, ਪ੍ਰਭੂ ਦਾ ਨਾਮ ਹੀ ਪਿਆਰਾ ਲਗਦਾ ਹੈ ਜੋ ਉਸ ਦੇ ਮਨ ਤਨ ਨੂੰ, ਭਾਵ, ਹਰ ਪਖੋਂ ਭਾਉਂਦਾ ਹੈ।

ਪਾਤਸ਼ਾਹ, ੧੧੩੬ ਪੰਨੇ ਤੇ, ਸਿਧਾ ਸਿਧਾ ਫ਼ੁਰਮਾਣ ਕਰਦੇ ਹਨ ਕਿ ਨਾਨਕ ਦੇ ਘਰ, ਭਾਵ, ਗੁਰ-ਜੋਤਿ ਨੂੰ ਤਾਂ ਪ੍ਰਭੂ ਦਾ ਨਾਮ ਜਪਿਆ ਹੀ ਪਰਧਾਨ ਹੈ – '**ਨਾਨਕ ਕੈ ਘਰਿ ਕੇਵਲ ਨਾਮੁ।।**' ਪੰਨਾ ੧੧੮੧ ਤੇ, ਫ਼ੁਰਮਾਣ ਕਰਦੇ ਹਨ ਕਿ ਨਾਨਕ ਸਿਰਫ਼ ਇਕ ਹੀ ਦਾਨ ਮੰਗਦਾ ਹੈ ਕਿ ਕਿਰਪਾ ਕਰਕੇ ਮੈਨੂੰ ਨਾਮ ਦੀ ਦਾਤ ਬਖਸ਼ ਦਿਓ – '**ਨਾਨਕੁ ਜਾਚੈ ਏਕੁ ਦਾਨੁ।। ਕਰਿ ਕਿਰਪਾ ਮੋਹਿ ਦੇਹੁ ਨਾਮੁ।।**'

ਸਮੁਚੇ ਸ਼ਬਦ ਵਿਚ ਵਾਹਗੁਰੂ ਦੇ ਨਾਮ ਜਪਣ ਦੀ ਅਤੇ ਨਾਮ ਜਪਣ ਵਾਲਿਆਂ ਦੀ, ਭਾਵ ਸਾਧੂ ਜਨਾਂ ਦੀ ਸੰਗਤਿ ਦੀ ਮਹਿਮਾ ਗਾਈ ਗਈ ਹੈ। ਇਹੀ ਸਾਰੀ ਗੁਰਬਾਣੀ ਦਾ ਵਿਸ਼ਾ ਹੈ।